## ਜ਼ਿੰਮੇਵਾਰ ਕਮਿਊਨਟੀ ਪਲੈਨਿੰਗ ਲਈ ਕੁਈਨਜ਼ਬੋਰੋ ਦੇ ਵਸਨੀਕ

838 ਈਵਿਨ ਐਵੇਨਿਊ ਹਾਊਜ਼ਿੰਗ ਪ੍ਰੋਜੈਕਟ ਲਈ ਪਲੈਨਿੰਗ ਕਮੇਟੀ ਦੇ ਸਵਾਲ

### ਥਾਂ ਦੀ ਚੋਣ ਕਰਨ ਦਾ ਤਰੀਕਾ

1. **ਕੀ ਫੈਨਟਨ ਅਤੇ ਬੋਇਡ ਸਟਰੀਟਾਂ 'ਤੇ ਪ੍ਰਾਪਰਟੀ ਸਿਟੀ ਦੀ ਹੈ ਅਤੇ ਜੇ ਹੈ ਤਾਂ ਤਜਵੀਜ਼ਸ਼ੁਦਾ ਮੌਡੂਲਰ ਹਾਊਜ਼ਿੰਗ ਪ੍ਰੋਜੈਕਟ ਲਈ ਕੀ ਇਸ ਪ੍ਰਾਪਰਟੀ 'ਤੇ ਵਿਚਾਰ ਕੀਤੀ ਗਈ ਹੈ?**

   350 ਅਤੇ 382 ਫੈਨਟਨ ਸਟਰੀਟ ਵਿਚਕਾਰ ਸਥਿਤ ਪ੍ਰਾਪਰਟੀਆਂ ਦੀ ਪਛਾਣ ਕੀਤੀ ਗਈ ਸੀ ਪਰ ਇਸ ਦਾ ਖਿਆਲ ਛੱਡ ਦਿੱਤਾ ਗਿਆ ਸੀ ਕਿਉਂਕਿ ਤਜਵੀਜ਼ਸ਼ੁਦਾ ਮੌਡੂਲਰ ਹਾਊਜ਼ਿੰਗ ਪ੍ਰੋਜੈਕਟ ਦਾ ਰੂਪ ਅਤੇ ਖਾਸੀਅਤ (ਜਿਵੇਂ ਕਿ ਘੱਟੋ ਘੱਟ ਤਿੰਨ ਮੰਜ਼ਲਾ ਹੋਣਾ) ਆਲੇ ਦੁਆਲੇ ਦੇ ਸਿੰਗਲ ਡਿਟੈਚਡ ਰਿਹਾਇਸ਼ੀ ਆਂਢ-ਗੁਆਂਢ ਨਾਲ ਮੇਲ ਨਹੀਂ ਸੀ ਕਰਨੇ।

2. **ਕੁਈਨਜ਼ਬੋਰੋ ਵਿਚ ਸਿਟੀ ਦੀਆਂ ਹੋਰ ਕਿਹੜੀਆਂ ਪ੍ਰਾਪਰਟੀਆਂ ਹਨ ਅਤੇ ਉਨ੍ਹਾਂ ਬਾਰੇ ਵਿਚਾਰ ਕਿਉਂ ਨਹੀਂ ਕੀਤੀ ਗਈ?**

   200 ਫੈਨਟਨ ਸਟਰੀਟ ਅਤੇ 838 ਈਵਿਨ ਐਵੇਨਿਊ 'ਤੇ ਵੀ ਵਿਚਾਰ ਕੀਤੀ ਗਈ ਸੀ। 200 ਫੈਨਟਨ ਸਟਰੀਟ ਦੀ ਪੈਰਵੀ ਇਨ੍ਹਾਂ ਕਰਨਾਂ ਕਰਕੇ ਨਹੀਂ ਕੀਤੀ ਗਈ ਸੀ: (1) ਤੁਰਨ ਵਾਲਿਆਂ ਲਈ ਲਾਂਘਾ ਜ਼ਿਆਦਾ ਸਮੱਸਿਆ ਵਾਲਾ ਸੀ, ਖਾਸ ਕਰਕੇ ਉਨ੍ਹਾਂ ਲੋਕਾਂ ਲਈ ਜਿਹੜੇ ਪਬਲਿਕ ਟ੍ਰਾਂਜ਼ਿਟ (ਬੱਸਾਂ) ਅਤੇ ਤੁਰਨ 'ਤੇ ਨਿਰਭਰ ਕਰਦੇ ਹਨ, ਕਿਉਂਕਿ ਕੋਈ ਸਾਈਡਵਾਕ ਨਹੀਂ ਹਨ ਅਤੇ ਫੈਨਟਨ ਸਟਰੀਟ ਉੱਪਰ ਸਿਰਫ ਇਕ ਸਟਰੀਟ ਲਾਈਟ ਹੈ; (2) ਸਭ ਤੋਂ ਨੇੜੇ ਦਾ ਪਬਲਿਕ ਟ੍ਰਾਂਜ਼ਿਟ ਸਟੌਪ (ਬੱਸ ਅੱਡਾ) ਆਉਣ ਲਈ 160 ਮੀਟਰ ਦੂਰ ਅਤੇ ਜਾਣ ਲਈ 180 ਮੀਟਰ ਦੂਰ ਹੈ; (3) ਥਾਂ ਕਮਿਊਨਟੀ, ਮਨੋਰੰਜਨ ਲਈ ਥਾਂਵਾਂ ਅਤੇ ਲਾਇਬਰੇਰੀ ਸੇਵਾਵਾਂ ਤੋਂ ਦੂਰ ਹੈ; (4) ਫੈਨਟਨ ਸਟਰੀਟ ਨੂੰ ਵਧਾਉਣਾ ਪੈਣਾ ਸੀ (ਘੱਟੋ ਘੱਟ 40 ਮੀਟਰ) ਅਤੇ ਵਾਧਾ ਕਰਨ ਲਈ ਸੂਅਰ ਮੇਨ ਅਤੇ ਹੋਰ ਯੂਟਿਲਟੀਜ਼ ਜੋੜਨੀਆਂ ਪੈਣੀਆਂ ਸਨ; (5) ਐਮਰਜੰਸੀ ਗੱਡੀਆਂ ਲਈ ਥਾਂ ਬਣਾਉਣੀ ਪੈਣੀ ਸੀ, ਜਿਸ ਨਾਲ ਕਲ-ਡੇ-ਸੈਕ ਜਾਂ ਹੈਮਰਹੈੱਡ ਦੀ ਲੋੜ ਪੈਣੀ ਸੀ; (6) ਇੱਥੇ ਦਲਦਲੀ ਧਰਤੀ ਅਤੇ ਗਾਰ ਵਾਲੀ ਮਿੱਟੀ ਵੀ ਹੈ ਜਿਸ ਨੂੰ ਪ੍ਰੀ-ਲੋਡਿੰਗ ਕਰਨ ਤੋਂ ਪਹਿਲਾਂ ਹਟਾਉਣਾ ਪੈਣਾ ਸੀ ਅਤੇ ਥਾਂ ਮੁਕਾਬਲਤਨ ਨੀਂਵੀਂ ਹੋਣ ਕਰਕੇ ਹੋਰ ਭਰਤੀ ਪਾਉਣੀ ਪੈਣੀ ਸੀ; (7) ਪ੍ਰੀ-ਲੋਡਿੰਗ ਦੇ ਕੰਮ ਨੂੰ ਵਾਧੂ ਸਮਾਂ ਲੱਗਣਾ ਸੀ (ਜਿਵੇਂ 6 ਤੋਂ 24 ਮਹੀਨੇ ਜੋ ਕਿ ਬਿਲਡਿੰਗ ਦੀ ਨੀਂਹ ਦੀ ਕਾਰਜ-ਵਿਧੀ ਅਤੇ ਕਿਸਮ 'ਤੇ ਨਿਰਭਰ ਕਰਦਾ ਹੈ); ਅਤੇ (8) ਸਟੌਰਮ ਵਾਟਰ ਮੈਨੇਜਮੈਂਟ ਪਲੈਨ ਦੀ ਲੋੜ ਪੈਣੀ ਸੀ, ਜਿਸ ਨਾਲ ਪਾਣੀ ਦੀ ਨਿਕਾਸੀ (ਡਰੇਨੇਜ) ਅਤੇ ਹੜ੍ਹਾਂ ਨੂੰ ਕਾਬੂ ਵਿਚ ਰੱਖਣਾ ਪੈਣਾ ਸੀ ਜਿਸ ਨਾਲ ਅੜਚਨਾਂ ਪੈਣੀਆਂ ਸਨ।

3. **ਖਾਸ ਤੌਰ 'ਤੇ ਕਿਹੜੀ ਚੀਜ਼ ਮੌਜੂਦਾ ਤਜਵੀਜ਼ਸ਼ੁਦਾ ਥਾਂ ਨੂੰ, ਜਿੱਥੇ ਇਕ ਪ੍ਰੀਸਕੂਲ, ਡੇਅਕੇਅਰ, ਸਕੇਟ ਪਾਰਕ, ਵਾਟਰ ਪਾਰਕ, ਤਿੰਨ ਖੇਡਣ ਲਈ ਪਾਰਕ, ਇਕ ਮਿਡਲ ਸਕੂਲ ਅਤੇ ਪੋਰਟੇਬਲਜ਼ ਨਾਲ ਇਕ ਐਲੀਮੈਂਟਰੀ ਸਕੂਲ ਹਨ, ਇਸ ਪ੍ਰੋਜੈਕਟ ਲਈ ਸਹੀ ਥਾਂ ਬਣਾਉਂਦੀ ਹੈ? ਉਪਰਲੇ ਸਾਰਿਆਂ ਵਿੱਚੋਂ ਇਸ ਥਾਂ ਦੀ ਚੋਣ ਕਿਉਂ ਕੀਤੀ ਗਈ ਸੀ?**

   ਤਜਵੀਜ਼ਸ਼ੁਦਾ ਮੌਜੂਦਾ ਥਾਂ ਨੂੰ ਤਿਆਰ ਕਰਨ ਦੀ ਘੱਟ ਲੋੜ ਹੈ ਅਤੇ ਇੱਥੇ ਤੁਰਨ ਵਾਲਿਆਂ ਅਤੇ ਗੱਡੀਆਂ ਲਈ ਸਮੇਤ ਐਮਰਜੰਸੀ ਗੱਡੀਆਂ ਲਈ, ਵਾਧਾ ਕੀਤਾ ਜਾ ਸਕਦਾ ਹੈ। ਇਸ ਥਾਂ 'ਤੇ ਪਬਲਿਕ ਟ੍ਰਾਂਜ਼ਿਟ ਤੱਕ ਪਹੁੰਚ ਵੀ ਵਧਾਈ ਜਾ ਸਕਦੀ ਹੈ (ਜਿਵੇਂ ਤਿੰਨ ਨੇੜੇ ਦੇ ਬੱਸ ਰੂਟ, ਸਮੇਤ ਇਕ ਟ੍ਰਾਂਜ਼ਿਟ ਨੈੱਟਵਰਕ ਦੇ ਜਿਹੜਾ 15 ਮਿੰਟ ਦੀ ਸਰਵਿਸ ਦੇਵੇਗਾ), ਅਤੇ ਇਸ ਦੇ ਨਾਲ ਕਮਿਊਨਟੀ, ਮਨੋਰੰਜਨ ਲਈ ਥਾਂਵਾਂ ਅਤੇ ਲਾਇਬਰੇਰੀ ਸੇਵਾਵਾਂ ਤੱਕ ਸੁਖਾਲੀ ਪਹੁੰਚ ਹੋ ਸਕਦੀ ਹੈ। ਤਜਵੀਜ਼ਸ਼ੁਦਾ ਡਿਵੈਲਪਮੈਂਟ ਦਾ ਰੂਪ ਅਤੇ ਖਾਸੀਅਤ (ਜਿਵੇਂ ਕਿ ਤਿੰਨ ਮੰਜ਼ਲਾ ਮਲਟੀ-ਫੈਮਿਲੀ ਬਿਲਡਿੰਗ) ਈਵਿਨ ਐਵੇਨਿਊ ਦੇ ਨਾਲ ਨਾਲ ਮਲਟੀ-ਫੈਮਿਲੀ ਡਿਵੈਲਪਮੈਂਟਾਂ ਨਾਲ ਜ਼ਿਆਦਾ ਮੇਲ ਖਾਂਦਾ ਹੈ।

   ਉੱਪਰ ਪਛਾਣੀ ਗਈ ਵਰਤੋਂ ਦੇ ਸੰਬੰਧ ਵਿਚ, ਤਜਵੀਜ਼ਸ਼ੁਦਾ ਮੌਡੂਲਰ ਹਾਊਜ਼ਿੰਗ ਪ੍ਰੋਜੈਕਟ ਲਈ ਡਿਜ਼ਾਇਨ, ਪਾਲਸੀਆਂ, ਪ੍ਰੋਗਰਾਮਾਂ, ਰਿਹਾਇਸ਼ੀ ਮਿਕਸ ਅਤੇ ਸਟਾਫਿੰਗ ਦੇ ਹਿੱਸੇ ਵਜੋਂ ਸੇਫਟੀ ਦੇ ਫਿਕਰਾਂ ਦਾ ਹੱਲ ਕਰਨ ਲਈ ਇਨ੍ਹਾਂ 'ਤੇ ਵਿਚਾਰ ਕੀਤੀ ਗਈ ਸੀ। ਇਹ ਕਿਸੇ ਮੰਤਵ ਲਈ ਉਸਾਰੀ ਜਾਣ ਵਾਲੀ ਬਿਲਡਿੰਗ ਹੋਣ ਕਰਕੇ ਕਈ ਫਿਕਰਾਂ ਦਾ ਹੱਲ ਕੀਤਾ ਜਾ ਸਕਦਾ ਹੈ ਜਿਹੜੇ ਕਿਸੇ ਪੁਰਾਣੀ ਬਿਲਡਿੰਗ ਵਿਚ ਜ਼ਿਆਦਾ ਮੁਸ਼ਕਲ ਹੋਣੇ ਸਨ। ਖਾਸ ਉਪਾਵਾਂ ਬਾਰੇ ਸਵਾਲ 7 ਵਿਚ ਦੱਸਿਆ ਗਿਆ ਹੈ।

## ਅੰਦਰੂਨੀ ਪਾਲਸੀਆਂ

4. **ਇਸ ਥਾਂ 'ਤੇ ਜਾਂ ਕੁਈਨਜ਼ਬੋਰੋ ਕਮਿਊਨਟੀ ਸੈਂਟਰ 'ਤੇ ਇਲੀਜ਼ਾਬੈਥ ਫਰਾਈ ਕਿਹੜੀਆਂ ਖਾਸ ਸੇਵਾਵਾਂ 838 ਈਵਿਨ ਐਵੇਨਿਊ ਦੇ ਵਸਨੀਕਾਂ ਲਈ ਦੇਵੇਗੀ?**

   ਅੱਗੇ ਲਿਖੀਆਂ ਸੇਵਾਵਾਂ ਅਤੇ ਮਦਦਾਂ ਪ੍ਰਦਾਨ ਕੀਤੀਆਂ ਜਾਣਗੀਆਂ:

   - ਦਿਨ ਦੇ 24 ਘੰਟੇ ਹਫਤੇ ਦੇ 7 ਦਿਨ ਸਟਾਫ, ਅਤੇ ਹਰ ਵੇਲੇ ਘੱਟੋ ਘੱਟ ਦੋ ਮੈਂਬਰਾਂ ਦਾ ਸਟਾਫ ਮੌਜੂਦ ਰਹੇਗਾ, ਵੀਕਐਂਡਜ਼ 'ਤੇ ਸੁਪਰਵਾਈਜ਼ਰ ਦੀ ਮਦਦ ਮੌਜੂਦ ਹੋਵੇਗੀ ਅਤੇ ਹਰ ਵੇਲੇ ਔਨ-ਕਾਲ ਸੁਪਰਵਾਈਜ਼ਰ ਹੋਣਗੇ;
   - ਐਤਵਾਰਾਂ ਨੂੰ ਕਮਿਊਨਟੀ ਕਿਚਨ ਪ੍ਰੋਗਰਾਮ ਜਿੱਥੇ ਵਸਨੀਕ ਖਾਣੇ ਬਣਾਉਣ ਦੇ ਹੁਨਰ ਸਿੱਖਣਗੇ ਅਤੇ ਖਾਣਾ ਤਿਆਰ ਕਰਨਗੇ;
   - ਰੋਜ਼ਾਨਾ ਬਰੇਕਫਾਸਟ ਦਾ ਪ੍ਰੋਗਰਾਮ ਸਵੇਰ ਦੇ 7:30 ਅਤੇ 11:30 ਦੇ ਵਿਚਕਾਰ ਉਪਲਬਧ ਹੋਵੇਗਾ ਅਤੇ ਰੋਜ਼ਾਨਾ ਡਿਨਰ ਦਾ ਪ੍ਰੋਗਰਾਮ ਸ਼ਾਮ ਦੇ 5:30 ਅਤੇ 6:30 ਵਿਚਕਾਰ ਮੌਜੂਦ ਰਹੇਗਾ;
   - ਵਸਨੀਕਾਂ ਲਈ ਬਿਨਾਂ ਖਰਚੇ ਦੇ ਲਾਉਂਡਰੀ ਦੀਆਂ ਸਹੂਲਤਾਂ;
   - ਰਿਹਾਇਸ਼ਾਂ ਨੂੰ ਕਾਇਮ ਰੱਖਣ ਲਈ ਮਦਦ, ਜਿਸ ਵਿਚ ਰੂਮ ਨੂੰ ਸਾਫ ਕਰਨ, ਕਿਰਾਏ ਦੀ ਪੇਮੈਂਟ ਅਤੇ ਰੀਪੇਅਮੈਂਟ ਪਲੈਨਾਂ ਵਿਚ ਸਿੱਧੀ ਮਦਦ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ;
   - ਇਨਕਮ ਅਸਿਸਟੈਂਸ, ਡਿਸਏਬਿਲਟੀ ਅਤੇ ਪੈਨਸ਼ਨ ਬੈਨੇਫਿਟਸ ਤੱਕ ਪਹੁੰਚ ਕਰਨ ਵਿਚ ਮਦਦ, ਬੀ ਸੀ ਦਾ ਪਛਾਣ ਪੱਤਰ ਲੈਣਾ, ਜਾਂ ਬੈਂਕ ਅਕਾਊਂਟ ਖੋਲ੍ਹਣਾ, ਜਿਵੇਂ ਵੀ ਢੁਕਵਾਂ ਹੋਵੇ;
   - ਕਮਿਊਨਟੀ ਦੀਆਂ ਸੇਵਾਵਾਂ ਅਤੇ ਮਦਦਾਂ ਨਾਲ ਕੋਨੈਕਸ਼ਨ ਜਿਵੇਂ ਕਿ ਪੜ੍ਹਾਈ ਅਤੇ ਰੁਜ਼ਗਾਰ ਦੇ ਮੌਕੇ, ਸਿਹਤ ਅਤੇ ਭਲਾਈ ਲਈ ਸੇਵਾਵਾਂ, ਅਤੇ ਜ਼ਿੰਦਗੀ ਦੇ ਹੁਨਰ;
   - ਨਿੱਜੀ ਅਤੇ ਗਰੁੱਪ ਵਿਚ ਸਹਾਇਤਾ ਦੀਆਂ ਸੇਵਾਵਾਂ ਜਿਵੇਂ ਕਿ ਕਮਿਊਨਟੀ ਬਾਰੇ ਜਾਣਕਾਰੀ, ਜ਼ਿੰਦਗੀ ਦੇ ਹੁਨਰ, ਮਨੋਰੰਜਨ ਅਤੇ ਸਮਾਜਿਕ ਪ੍ਰੋਗਰਾਮ ਅਤੇ ਇਸ ਦੇ ਨਾਲ ਨਾਲ ਔਰਤਾਂ ਦੀ ਭਲਾਈ ਲਈ ਗਰੁੱਪ (ਵਸਨੀਕਾਂ ਦੀ ਜ਼ਿੰਦਗੀ ਦੀ ਕੁਆਲਟੀ ਅਤੇ ਸਵੈ-ਆਦਰ ਵਿਚ ਸੁਧਾਰ ਕਰਨ ਲਈ ਬਾਇਓ-ਸਾਇਕੋ-ਸੋਸ਼ਲ-ਸਪਰਿਚੂਅਲ ਮਾਡਲ);
   - ਹੋਰ ਨਿੱਜੀ ਜਾਂ ਸਮੇਂ ਸਮੇਂ ਮਦਦਾਂ ਜਿਨ੍ਹਾਂ ਦਾ ਮਕਸਦ ਵਸਨੀਕਾਂ ਦੀ ਆਪਣੇ ਨਿੱਜੀ ਅਤੇ ਰਿਹਾਇਸ਼ਾਂ ਦੇ ਟੀਚੇ ਪੂਰੇ ਕਰਨ ਵਿਚ ਮਦਦ ਕਰਨਾ ਹੈ, ਸਮੇਤ ਸਭਿਆਚਾਰ ਮੁਤਾਬਕ ਪ੍ਰੋਗਰਾਮਾਂ ਦੇ;
   - ਮਹੀਨਾਵਾਰ ਕੇਸ ਪਲੈਨਿੰਗ ਅਤੇ ਨਵੇਂ ਜਾਂ ਸੋਧੇ ਹੋਏ ਨਿੱਜੀ ਟੀਚੇ ਤਿਆਰ ਕਰਨਾ; ਅਤੇ
   - ਚਾਲੂ ਰਹਿਣ ਵਾਲੀ ਕੇਸ ਪਲੈਨਿੰਗ ਅਤੇ ਲੋੜਾਂ ਦੀ ਅਸੈੱਸਮੈਂਟ ਤਿਮਾਹੀ ਪੜਚੋਲਾਂ ਦੇ ਨਾਲ, ਅਤੇ ਡਿਸਚਾਰਜ 'ਤੇ ਨੁਕਸਾਨ ਦੀ ਜ਼ੱਦ ਵਿਚ ਆਉਣ ਦੀ ਇਕ ਹੋਰ ਅਸੈੱਸਮੈਂਟ।

### ਕੀ ਇਹ ਫੈਸਲਾ ਕੀਤਾ ਗਿਆ ਹੈ ਕਿ ਥਾਂ ਜ਼ੀਰੋ-ਬੈਰੀਅਰ (ਜ਼ੀਰੋ-ਬੰਦਸ਼) ਵਾਲੀ ਹੋਵੇਗੀ?

ਤਜਵੀਜ਼ਸ਼ੁਦਾ ਮੌਡੂਲਰ ਹਾਊਜ਼ਿੰਗ ਪ੍ਰੋਜੈਕਟ ਵਸਨੀਕਾਂ ਦੀਆਂ ਲੋੜਾਂ ਦਾ ਹੱਲ ਕਰੇਗਾ ਅਤੇ ਓਪਰੇਟਰ (ਚਲਾਉਣ ਵਾਲਾ) ਇਹ ਪੱਕਾ ਕਰੇਗਾ ਕਿ ਵਸਨੀਕਾਂ ਦੀ ਮਦਦ ਕਰਨ ਵਾਲੀਆ ਸਾਰੀਆਂ ਸੇਵਾਵਾਂ ਤੱਕ ਪਹੁੰਚ ਹੋਵੇ।

### ਕੀ ਥਾਂ ਦੇ ਵਸਨੀਕਾਂ ਨੂੰ ਥਾਂ ਉੱਪਰ ਨਸ਼ੇ ਵਰਤਣ ਦੀ ਆਗਿਆ ਹੋਵੇਗੀ?

ਸਾਰੇ ਬੇਘਰੇ ਲੋਕਾਂ ਜਾਂ ਬੇਘਰੇ ਹੋਣ ਦੇ ਖਤਰੇ ਵਿਚਲੇ ਲੋਕਾਂ ਦੇ ਨਸ਼ਿਆਂ ਦੇ ਮਸਲੇ ਨਹੀਂ ਹਨ। ਤਜਵੀਜ਼ਸ਼ੁਦਾ ਮੌਡੂਲਰ ਹਾਊਜ਼ਿੰਗ ਪ੍ਰੋਜੈਕਟ ਔਰਤਾਂ ਨੂੰ ਸਰਵਿਸ ਦੇਵੇਗਾ, ਜਿਨ੍ਹਾਂ ਵਿੱਚੋਂ ਬੇਘਰੇ ਹੋਣ ਦੇ ਸਭ ਤੋਂ ਵੱਡੇ ਪੱਖ ਪਾਰਟਨਰ ਜਾਂ ਪਤੀ ਵਲੋਂ ਬੁਰਾ ਵਰਤਾਉ, ਅਸੁਰੱਖਿਅਤਾ ਜਾਂ ਘੱਟ ਆਮਦਨਾਂ ਅਤੇ ਮਾਨਸਿਕ ਸਿਹਤ ਦੇ ਮਸਲੇ ਹਨ। ਪਿਛਲੇ ਦੇ ਸਬੰਧ ਵਿਚ, ਔਰਤਾਂ ਵਿਚ ਮਾਨਸਿਕ ਸਿਹਤ ਦੀਆਂ ਸਭ ਤੋਂ ਆਮ ਪਛਾਣਾਂ ਵਿਚ ਚਿੰਤਾ ਦੇ ਵਿਗਾੜ ਹਨ ਅਤੇ ਉਸ ਤੋਂ ਬਾਅਦ ਮੂਡ ਦੇ ਵਿਗਾੜ ਆਉਂਦੇ ਹਨ। ਉਨ੍ਹਾਂ ਲਈ ਜਿਹੜੀਆਂ ਨਸ਼ੇ ਵਰਤਦੇ ਹੋ ਸਕਦੀਆਂ ਹਨ, ਉਨ੍ਹਾਂ ਨੂੰ ਇਹ ਨਿਗਰਾਨੀ ਵਾਲੀ ਥਾਂ ਦੀ ਸੇਫਟੀ ਵਿਚ ਕਰਨ ਲਈ ਉਤਸ਼ਾਹ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਆਪਣੇ ਘਰਾਂ ਦੀ ਪ੍ਰਾਈਵੇਸੀ ਵਿਚ ਵਰਤਣ ਦੀ ਆਗਿਆ ਹੋਵੇਗੀ।

### ਕੀ ਸਥਾਨ 'ਤੇ ਨਿਗਰਾਨੀ ਹੇਠ (ਮੈਡੀਕਲੀ) ਨਸ਼ੇ ਵਰਤਣ ਲਈ ਥਾਂ ਹੋਵੇਗੀ?

ਉਪਰ ਦੇਖੋ।

**ਸਥਾਨ ਤੋਂ ਬਾਹਰ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਸਥਾਨ ਦੀ ਪਲੈਨ ਕੀ ਹੋਵੇਗੀ (ਖਾਸ ਕਰਕੇ ਕਮਿਊਨਟੀ ਸੈਂਟਰ ਅਤੇ ਸਕੂਲ ਦੀਆਂ ਥਾਂਵਾਂ 'ਤੇ)?**

ਵਸਨੀਕਾਂ (ਰੈਜ਼ੀਡੈਂਟਸ) ਨੂੰ ਓਪਰੇਟਰ ਨਾਲ ਪ੍ਰੋਗਰਾਮ ਐਗਰੀਮੈਂਟ 'ਤੇ ਦਸਖਤ ਕਰਨੇ ਪੈਣਗੇ ਜਿਸ ਵਿਚ ਇਹ ਵੀ ਸ਼ਾਮਲ ਹੋਵੇਗਾ ਕਿ ਵਸਨੀਕ ਬਿਲਡਿੰਗ ਤੋਂ ਬਾਹਰ ਨਸ਼ਿਆਂ ਦੀ ਵਰਤੋਂ ਨਹੀਂ ਕਰਨਗੇ, ਅਤੇ ਓਪਰੇਟਰ ਨੇਮ ਨਾਲ ਨਿਗਰਾਨੀ ਕਰੇਗਾ ਅਤੇ ਇਸ ਐਗਰੀਮੈਂਟ ਨੂੰ ਲਾਗੂ ਕਰੇਗਾ ਅਤੇ ਪਾਲਣਾ ਨਾ ਕਰਨ ਦੇ ਸਿੱਟੇ ਨਿਕਲਣਗੇ।

**ਰਿਹਾਇਸ਼ ਦੀ ਸ਼ਰਤ ਵਜੋਂ ਕੀ ਵਸਨੀਕਾਂ ਨੂੰ ਕਿਸੇ ਲੋਕਲ ਜਾਂ ਸਥਾਨ ਤੋਂ ਬਾਹਰ ਦੇ ਪ੍ਰੋਗਰਾਮਾਂ ਜਾਂ ਮੀਟਿੰਗਾਂ ਵਿਚ ਹਿੱਸਾ ਲੈਣ ਦੀ ਲੋੜ ਹੋਵੇਗੀ? (ਜਿਵੇਂ: ਵਸਨੀਕਾਂ ਲਈ ਆਪਣੀ ਰਿਹਾਇਸ਼/ਜ਼ਿਆਦਾ ਭਲਾਈ ਵਿਚ ਸਰਗਰਮ ਤੌਰ 'ਤੇ ਹਿੱਸਾ ਲੈਣਾ ਜ਼ਰੂਰੀ ਹੈ ਜੋ ਕਿ ਉਨ੍ਹਾਂ ਦੇ ਟੀਅਰ ਲੈਵਲ/ਲੋੜਾਂ 'ਤੇ ਆਧਾਰਿਤ ਹੋਵੇਗਾ)?**

ਹਾਂ, ਵਸਨੀਕ ਚਲਦੇ ਰਹਿਣ ਵਾਲੇ ਕੇਸ ਮੈਨੇਜਮੈਂਟ ਵਿਚ ਹਿੱਸਾ ਲੈਣਗੇ ਅਤੇ ਆਪਣੀ ਰਿਹਾਇਸ਼ ਬਾਰੇ ਅਤੇ ਚਾਲੂ ਰਹਿਣ ਵਾਲੇ ਨਿੱਜੀ ਟੀਚਿਆਂ ਦੇ ਰਿਵੀਊ ਲਈ ਉਨ੍ਹਾਂ ਨੂੰ ਘੱਟੋ ਘੱਟ ਮਹੀਨੇ ਵਿਚ ਇਕ ਵਾਰੀ ਸਟਾਫ ਨੂੰ ਮਿਲਣਾ ਪਵੇਗਾ। ਉਨ੍ਹਾਂ ਦੇ ਕੇਸ ਦੀ ਪਲੈਨ ਸਿਟੀ ਵਿਚਲੀਆਂ ਉਨ੍ਹਾਂ ਸੇਵਾਵਾਂ ਦੀ ਪਛਾਣ ਕਰਦੀ ਹੈ ਜਿਹੜੀਆਂ ਉਨ੍ਹਾਂ ਦੀਆਂ ਲੋੜਾਂ ਵਿਚ ਮਦਦ ਕਰ ਸਕਦੀਆਂ ਹਨ ਅਤੇ ਸਥਾਨ 'ਤੇ ਵੀ ਮਦਦ ਉਪਲਬਧ ਹੋਵੇਗੀ।

5. **ਜੇ ਜ਼ਿਆਦਾ ਖਤਰੇ ਵਾਲੇ ਵਸਨੀਕ ਮੌਜੂਦ ਹੋਣ ਤਾਂ ਬਿਲਡਿੰਗ ਦੇ ਵਸਨੀਕਾਂ, ਨਾਲ ਲੱਗਦੇ ਸਕੂਲਾਂ ਅਤੇ ਕਮਿਊਨਟੀ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਕਿਹੜੇ ਹੋਰ ਉਪਾਅ ਕੀਤੇ ਜਾਣਗੇ?**

ਬੀ ਸੀ ਹਾਊਜ਼ਿੰਗ ਰਿਹਾਇਸ਼ਾਂ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰੀ ਵਾਲੀਆਂ ਬਣਾਉਣ ਲਈ ਆਪਣੇ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੇ ਓਪਰੇਟਰਾਂ ਨਾਲ ਨੇੜਿਉਂ ਕੰਮ ਕਰਦੀ ਹੈ। ਇਹ ਵਸਨੀਕਾਂ ਦੀ ਚੋਣ ਪੂਰੇ ਅਤੇ ਗੰਭੀਰ ਤਰੀਕੇ ਨਾਲ ਕਰਨ ਨਾਲ ਸ਼ੁਰੂ ਹੁੰਦਾ ਹੈ ਜਿਸ ਵਿਚ ਬੀ ਸੀ ਹਾਊਜ਼ਿੰਗ, ਓਪਰੇਟਰ, ਫਰੇਜ਼ਰ ਹੈਲਥ ਅਤੇ ਉਹ ਹੋਰ ਲੋਕ ਸ਼ਾਮਲ ਹੁੰਦੇ ਹਨ ਜਿਨ੍ਹਾਂ ਕੋਲ ਸੰਭਾਵੀ ਵਸਨੀਕਾਂ ਦੇ ਪਿਛੋਕੜ ਦੀ ਜਾਣਕਾਰੀ ਹੁੰਦੀ ਹੈ। ਹਰ ਵਿਅਕਤੀ ਦੀਆਂ ਲੋੜਾਂ ਦਾ ਪਤਾ ਲਾਉਣ ਲਈ ਅਤੇ ਬਿਲਡਿੰਗ ਅਤੇ ਕਮਿਊਨਟੀ ਵਿਚ ਸਿਹਤਮੰਦ ਮਿਕਸ ਬਣਾਉਣ ਲਈ ਹਰ ਵਿਅਕਤੀ ਦੀ ਅਸੈੱਸਮੈਂਟ ਕੀਤੀ ਜਾਂਦੀ ਹੈ। ਹਰ ਵਿਅਕਤੀ ਦੀਆਂ ਵੱਖਰੀਆਂ ਲੋੜਾਂ ਹੋਣਗੀਆਂ, ਉਦਾਹਰਣ ਲਈ, ਚਿੰਤਾ, ਡਿਪਰੈਸ਼ਨ, ਡਾਇਬੀਟੀਜ਼, ਸਦਮਾ, ਆਦਿ।

ਇਲੀਜ਼ਬੈਥ ਫਰਾਈ, ਓਪਰੇਟਰ, ਇਹ ਪੱਕਾ ਕਰਨ ਲਈ ਬੀ ਸੀ ਹਾਊਜ਼ਿੰਗ ਅਤੇ ਸੇਵਾਵਾਂ ਦੇਣ ਵਾਲੀਆਂ ਸਥਾਨਕ ਸੰਸਥਾਵਾਂ ਨਾਲ ਰਲ ਕੇ ਕੰਮ ਕਰਨਗੇ ਕਿ ਸੰਭਾਵੀ ਵਸਨੀਕਾਂ ਦੀਆਂ ਲੋੜਾਂ ਸਹਾਇਤਾ ਕਰਨ ਵਾਲੀਆਂ ਉਨ੍ਹਾਂ ਸੇਵਾਵਾਂ ਦੀਆਂ ਕਿਸਮਾਂ ਨਾਲ ਚੰਗੀ ਤਰ੍ਹਾਂ ਮੈਚ ਕਰਦੀਆਂ ਹਨ ਜਿਹੜੀਆਂ ਤਜਵੀਜ਼ਸ਼ੁਦਾ ਮੌਜੂਲਰ ਹਾਊਜ਼ਿੰਗ ਪ੍ਰੋਜੈਕਟ ਵਿਚ ਉਪਲਬਧ ਹਨ। ਸੰਭਾਵੀ ਵਸਨੀਕ ਜੋ ਕਿ 19 ਅਤੇ ਇਸ ਤੋਂ ਉਪਰਲੀਆਂ ਉਮਰ ਦੀਆਂ ਔਰਤਾਂ ਹੋਣਗੀਆਂ, ਉਨ੍ਹਾਂ ਦੀ ਸੁਪੋਰਟਿਵ ਹਾਊਜ਼ਿੰਗ ਵਿਚ ਰਹਿਣ ਦੀ ਸਮਰੱਥਾ 'ਤੇ ਵਿਚਾਰ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਜ਼ਿੰਦਗੀ ਦੇ ਅਤੇ ਸਮਾਜਿਕ ਹੁਨਰਾਂ ਨੂੰ ਹੋਰ ਵਿਕਸਤ ਕਰਨ ਲਈ ਉਨ੍ਹਾਂ ਨੂੰ ਨਿੱਜੀ ਕੇਸ ਪਲੈਨਿੰਗ ਮਿਲੇਗੀ ਜਿਵੇਂ ਕਿ ਰੁਜ਼ਗਾਰ ਦੀ ਪਲੈਨਿੰਗ ਅਤੇ ਆਜ਼ਾਦੀ ਲਈ ਤਬਦੀਲੀ ਦੀ ਪਲੈਨਿੰਗ। ਉਹ ਪਹੁੰਚਯੋਗ ਸੇਵਾਵਾਂ ਤੱਕ ਪਹੁੰਚ ਕਰਨ ਦੇ ਵੀ ਯੋਗ ਹੋਣਗੀਆਂ ਅਤੇ ਉਨ੍ਹਾਂ ਨੂੰ ਕਮਿਊਨਟੀ ਦੀਆਂ ਸੇਵਾਵਾਂ ਅਤੇ ਮਦਦ ਕਰਨ ਵਾਲੇ ਗਰੁੱਪਾਂ ਕੋਲ ਭੇਜਿਆ ਜਾਵੇਗਾ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਦੀ ਸਿਹਤ ਵੀ ਚੈੱਕ ਕੀਤੀ ਜਾਵੇਗੀ। ਰਿਹਾਇਸ਼ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਸਟਾਫ ਮੌਜੂਦ ਰਹੇਗਾ, ਅਤੇ ਐਮਰਜੰਸੀਆਂ ਲਈ 24 ਘੰਟੇ ਫੋਨ ਨੰਬਰ ਹੋਵੇਗਾ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਵਸਨੀਕਾਂ ਨੂੰ ਇਕ ਪ੍ਰੋਗਰਾਮ ਐਗਰੀਮੈਂਟ 'ਤੇ ਦਸਖਤ ਕਰਨੇ ਪੈਣਗੇ ਤਾਂ ਜੋ ਇਹ ਪੱਕਾ ਹੋਵੇ ਕਿ ਉਹ ਚੰਗੇ ਗੁਆਂਢੀ ਹੋਣ ਦੀ ਮਹੱਤਤਾ ਨੂੰ ਸਮਝਦੀਆਂ ਹਨ।

## ਕਮਿਊਨਟੀ 'ਤੇ ਅਸਰ

6. **ਕਿਹੜੀ ਔਰਗੇਨਾਈਜ਼ੇਸ਼ਨ/ਧਿਰ ਸੂਈਆਂ ਇਕੱਠੀਆਂ ਕਰੇਗੀ/ਸਕੂਲ ਅਤੇ ਕਿਊ ਸੀ ਸੀ ਦੀਆਂ ਗਰਾਊਂਡਾਂ ਤੋਂ ਡਰੱਗ ਦਾ ਨਿੱਕ ਸੁੱਕ ਸਾਫ ਕਰੇਗੀ?**

**ਇਹ ਸਫਾਈ ਕਿੰਨੀ ਕੁ ਵਾਰੀ ਹੋਵੇਗੀ?**

ਇਲੀਜ਼ਬੈਥ ਫਰਾਈ ਸੁਸਾਇਟੀ ਦਾ ਸਟਾਫ ਸ਼ਿਫਟ ਬਦਲਣ ਵੇਲੇ ਪ੍ਰਾਪਰਟੀ ਨੂੰ ਚੈੱਕ ਕਰੇਗਾ, ਜੋ ਕਿ ਦਿਨ ਵਿਚ ਘੱਟੋ ਘੱਟ ਦੋ ਵਾਰੀ ਹੋਵੇਗਾ।

7. **ਇਸ ਤਰ੍ਹਾਂ ਦੇ ਹਾਊਜ਼ਿੰਗ ਪ੍ਰੋਜੈਕਟਾਂ ਨਾਲ ਕਿਹੜੇ ਖਤਰੇ ਜੁੜੇ ਹੋਏ ਹਨ? ਇਨ੍ਹਾਂ ਖਤਰਿਆਂ ਨੂੰ ਕਿਵੇਂ ਘਟਾਇਆ ਜਾਵੇਗਾ? ਜੇ ਇਸ ਕਿਸਮ ਦੇ ਪ੍ਰੋਜੈਕਟ ਨਾਲ ਜੁੜੇ ਹੋਏ ਕੋਈ ਖਤਰੇ ਨਹੀਂ ਹਨ ਤਾਂ ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਨਿਗਰਾਨੀ ਕਿਉਂ ਹੋਵੇਗੀ (2) ਅਤੇ ਵੀਕਇੰਡ 'ਤੇ ਸੁਪਰਵਾਈਜ਼ਰ ਔਨ ਕਾਲ ਕਿਉਂ ਰਹਿਣਗੇ?**

   ਸਹਾਇਤਾ ਸੇਵਾਵਾਂ ਨਾਲ ਤਜਵੀਜ਼ਸ਼ੁਦਾ ਮੌਡੂਲਰ ਹਾਊਜ਼ਿੰਗ ਪ੍ਰੋਜੈਕਟ, ਸੁਪੋਰਟਿਵ ਹਾਊਜ਼ਿੰਗ ਪ੍ਰੋਜੈਕਟਾਂ ਲਈ ਸਥਾਪਤ ਚੱਲਦੇ ਆ ਰਹੇ ਮਾਡਲ ਦੀ ਪਾਲਣਾ ਕਰਦਾ ਹੈ, ਜਿਸ ਵਿਚ ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਸਟਾਫਿੰਗ ਅਤੇ ਨਿਗਰਾਨੀ ਸ਼ਾਮਲ ਹਨ। ਸੁਪੋਰਟਿਵ ਹਾਊਜ਼ਿੰਗ ਵਾਰਾ ਖਾਣ ਯੋਗ ਰਿਹਾਇਸ਼ ਹੈ ਜਿਹੜੀ ਵਸਨੀਕਾਂ ਦੀ ਆਪਣੀਆਂ ਜ਼ਿੰਦਗੀਆਂ ਨੂੰ ਸਥਿਰ ਕਰਨ, ਆਪਣੀ ਆਜ਼ਾਦ ਰਹਿਣੀ ਦੇ ਹੁਨਰਾਂ ਵਿਚ ਵਾਧਾ ਕਰਨ, ਅਤੇ ਆਪਣੀਆਂ ਕਮਿਉਨਿਟੀਆਂ ਨਾਲ ਦੁਬਾਰਾ ਜੁੜਨ ਵਿਚ ਸਹਾਇਤਾ ਕਰਨ ਲਈ ਮਦਦ ਕਰਨ ਵਾਲੇ ਸਟਾਫ ਅਤੇ ਪ੍ਰੋਗਰਾਮਾਂ ਤੱਕ ਪਹੁੰਚ ਵੀ ਪ੍ਰਦਾਨ ਕਰਦੀ ਹੈ। ਤਜਵੀਜ਼ਸ਼ੁਦਾ ਪ੍ਰੋਜੈਕਟ ਵਿਚ ਇਲੀਜ਼ਬੈਥ ਫਰਾਈ, ਓਪਰੇਟਰ, ਇਹ ਪੱਕਾ ਕਰਨ ਲਈ ਬੀ ਸੀ ਹਾਊਜ਼ਿੰਗ ਅਤੇ ਸੇਵਾਵਾਂ ਦੇਣ ਵਾਲੀਆਂ ਲੋਕਲ ਸੰਸਥਾਵਾਂ ਨਾਲ ਰਲ ਕੇ ਕੰਮ ਕਰਨਗੇ ਕਿ ਸੰਭਾਵੀ ਵਸਨੀਕਾਂ ਦੀਆਂ ਲੋੜਾਂ ਮਦਦ ਕਰਨ ਵਾਲੀਆਂ ਸੇਵਾਵਾਂ ਦੀਆਂ ਉਨ੍ਹਾਂ ਕਿਸਮਾਂ ਨਾਲ ਚੰਗੀ ਤਰ੍ਹਾਂ ਮੇਲ ਖਾਂਦੀਆਂ ਹਨ ਜਿਹੜੀਆਂ ਤਜਵੀਜ਼ਸ਼ੁਦਾ ਪ੍ਰੋਜੈਕਟ ਵਿਚ ਉਪਲਬਧ ਹਨ। ਸਿਟੀ, ਉਠਾਏ ਗਏ ਫਿਕਰਾਂ ਦਾ ਹੱਲ ਕਰਨ ਲਈ ਬੀ ਸੀ ਹਾਊਜ਼ਿੰਗ ਅਤੇ ਇਲੀਜ਼ਬੈਥ ਫਰਾਈ ਨਾਲ ਕੰਮ ਕਰ ਰਿਹਾ ਹੈ। ਸੇਫਟੀ ਬਾਰੇ ਫਿਕਰਾਂ ਦਾ ਹੱਲ ਕਰਨ ਲਈ ਅਤੇ ਖਤਰੇ ਨੂੰ ਘਟਾਉਣ ਲਈ ਅੱਗੇ ਲਿਖੇ ਕਦਮ ਅਤੇ ਹੋਰ ਕਦਮ ਚੁੱਕੇ ਜਾਣਗੇ:

   - ਕਮਿਉਨਟੀ ਦੀ ਸਲਾਹਕਾਰੀ ਕਮੇਟੀ ਬਣਾਉਣਾ।
   - 24/7 ਸਟਾਫਿੰਗ ਨੂੰ ਯਕੀਨੀ ਬਣਾਉਣਾ, ਜਿਸ ਵਿਚ ਹਰ ਵੇਲੇ ਵੀਕਡੇਅਜ਼ ਨੂੰ ਸੁਪਰਵਾਈਜ਼ਰ ਦੀ ਮਦਦ ਨਾਲ ਸਟਾਫ ਦੇ ਘੱਟੋ ਘੱਟ ਦੋ ਮੈਂਬਰ ਮੌਜੂਦ ਰਹਿਣਗੇ ਅਤੇ ਹਰ ਵੇਲੇ ਔਨ-ਕਾਲ ਸੁਪਰਵਾਈਜ਼ਰ ਉਪਲਬਧ ਰਹੇਗਾ।
   - ਇਹ ਪੱਕਾ ਕਰਨਾ ਕਿ ਸਟਾਫ ਕੋਲ ਢੁਕਵੀਂ ਟਰੇਨਿੰਗ ਅਤੇ ਵਸਨੀਕਾਂ ਦੀ ਮਦਦ ਕਰਨ ਲਈ ਹੁਨਰ ਹਨ, ਜਿਸ ਵਿਚ ਸੰਕਟ ਵਿਚ ਦਖਲਅੰਦਾਜ਼ੀ ਕਰਨਾ ਅਤੇ ਸਦਮੇ ਬਾਰੇ ਜਾਣਕਾਰੀ ਦੇਣ ਵਾਲੀ ਕੌਂਸਲਿੰਗ ਵੀ ਸ਼ਾਮਲ ਹਨ।
   - ਵਸਨੀਕਾਂ ਦੀ ਚੋਣ ਦਾ ਕਾਰਜ ਸਥਾਪਤ ਕਰਨਾ, ਜਿਸ ਵਿਚ ਅਸੈੱਸਮੈਂਟ ਕਰਨ ਦੀਆਂ ਕਾਰਵਾਈਆਂ ਵੀ ਸ਼ਾਮਲ ਹਨ।
   - ਪ੍ਰੋਗਰਾਮ ਐਗਰੀਮੈਂਟਾਂ ਦੀ ਮੰਗ ਕਰਨਾ ਜਿਹੜੇ ਸਿਹਤ ਅਤੇ ਸੇਫਟੀ ਨਾਲ ਸੰਬੰਧਿਤ ਢੁਕਵੇਂ ਵਤੀਰਿਆਂ ਬਾਰੇ ਉਮੀਦਾਂ ਬਾਰੇ ਦੱਸਣਗੇ।
   - ਮਿਲਣ ਆਉਣ ਵਾਲਿਆਂ ਬਾਰੇ ਪਾਲਸੀ ਬਣਾਉਣਾ, ਖਾਸ ਕਰਕੇ ਰਾਤ ਰਹਿਣ ਵਾਲੇ ਮਹਿਮਾਨਾਂ ਦੇ ਸੰਬੰਧ ਵਿਚ – ਜਿਵੇਂ ਅਡਵਾਂਸ ਪਲੈਨਿੰਗ ਅਤੇ ਪਹਿਲਾਂ ਮਨਜ਼ੂਰੀ ਲੈਣਾ।
   - ਮਦਦ ਕਰਨ ਵਾਲੀਆਂ 'ਪਹੁੰਚ ਵਿਚ' ਸੇਵਾਵਾਂ ਬਾਰੇ ਫਰੇਜ਼ਰ ਹੈਲਥ ਨਾਲ ਸਹਿਯੋਗ ਕਰਨਾ।
   - ਵਸਨੀਕਾਂ ਲਈ ਨਿੱਜੀ ਸੰਭਾਲ ਦੀ ਪਲੈਨਿੰਗ ਦੀ ਜ਼ਿੰਮੇਵਾਰੀ ਤਾਂ ਜੋ ਇਹ ਪੱਕਾ ਹੋਵੇ ਕਿ ਉਨ੍ਹਾਂ ਦੀਆਂ ਲੋੜਾਂ ਢੁਕਵੇਂ ਤਰੀਕੇ ਨਾਲ ਪੂਰੀਆਂ ਕੀਤੀਆਂ ਜਾ ਰਹੀਆਂ ਹਨ।
   - ਤਜਵੀਜ਼ਸ਼ੁਦਾ ਪ੍ਰੋਜੈਕਟ ਦੀ ਪਾਰਕ ਨਾਲ ਬਿਹਤਰ ਤਰੀਕੇ ਨਾਲ ਹੱਦ ਬਣਾਉਣ ਲਈ ਪ੍ਰਾਈਵੇਸੀ ਫੈਂਸ ਲਾਉਣਾ।
   - ਵਸਨੀਕਾਂ ਲਈ ਬਾਹਰ ਪ੍ਰਾਈਵੇਟ ਏਰੀਆ ਬਣਾਉਣਾ, ਜਿਸ ਵਿਚ ਸਿਗਰਟ ਪੀਣ ਲਈ ਇਕ ਬੰਦ ਥਾਂ ਵੀ ਸ਼ਾਮਲ ਹੈ।
   - ਸ਼ਿਫਟਾਂ ਬਦਲਣ ਵੇਲੇ ਪ੍ਰਾਪਰਟੀ ਨੂੰ ਚੈੱਕ ਕਰਨਾ, ਜੋ ਕਿ ਦਿਨ ਵਿਚ ਘੱਟੋ ਘੱਟ ਦੋ ਵਾਰੀ ਹੋਵੇਗਾ।

**ਬਾਬਤ: ਦੋ ਔਨ ਕਾਲ ਸੁਪਰਵਾਈਜ਼ਰਾਂ ਬਾਰੇ:**

ਇਲੀਜ਼ਬੈਥ ਫਰਾਈ ਚੌਵੀ ਘੰਟੇ ਕੰਮ ਕਰਦੀ ਹੈ ਅਤੇ ਕਿਸੇ ਵੀ ਸਮੇਂ ਰਿਹਾਇਸ਼ੀ ਮਾਹੌਲ ਵਿਚ ਇਸ ਦੇ 15 ਤੋਂ 20 ਸਟਾਫ ਮੈਂਬਰ ਕੰਮ ਕਰ ਰਹੇ ਹੁੰਦੇ ਹਨ। ਜੇ ਸੁਸਾਇਟੀ ਵੀਕਡੇਅ ਦੇ ਖੁੱਲ੍ਹਣ ਦੇ ਸਮਿਆਂ ਦੌਰਾਨ ਹੀ ਸੁਪਰਵਾਈਜ਼ਰ ਪ੍ਰਦਾਨ ਕਰੇ (ਹਫਤੇ ਦੀਆਂ ਪੰਜ ਸ਼ਿਫਟਾਂ ਵਿਚ) ਤਾਂ 16 ਸ਼ਿਫਟਾਂ ਬਿਨਾਂ ਪਹੁੰਚ ਤੋਂ ਹੋਣਗੀਆਂ (24/7 ਟਾਈਮ ਟੇਬਲ ਨੂੰ ਕਵਰ ਕਰਨ ਲਈ ਇਹ 21 ਸ਼ਿਫਟਾਂ ਬਣਦੀਆਂ ਹਨ – ਤਿੰਨ ਹਰ ਰੋਜ਼, ਹਫਤੇ ਦੇ ਸੱਤੇ ਦਿਨ)। ਇਲੀਜ਼ਬੈਥ ਫਰਾਈ ਪਿਛਲੇ 40 ਸਾਲਾਂ ਤੋਂ ਇਸ ਤਰ੍ਹਾਂ ਹੀ ਕਰਦੀ ਆ ਰਹੀ ਹੈ। ਸੁਸਾਇਟੀ ਦੇ ਆਕਾਰ ਅਤੇ ਸਟਾਫ ਦੀ ਗਿਣਤੀ ਮੁਤਾਬਕ, ਇਸ ਕੋਲ ਦੋ ਸੁਪਰਵਾਈਜ਼ਰ ਔਨ ਕਾਲ ਰਹਿੰਦੇ ਹਨ। ਪ੍ਰੋਗਰਾਮਾਂ ਨੂੰ ਦੋ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ ਅਤੇ ਪ੍ਰਤੀ ਵਿਅਕਤੀ ਸੁਪਰਵਾਈਜ਼ਰ ਦਾ ਵਾਜਬ ਭਾਗ ਪ੍ਰਦਾਨ ਕਰਨ ਲਈ ਔਨ-ਕਾਲ ਸੁਪਰਵਾਈਜ਼ਰਾਂ ਨਾਲ ਜੋੜਿਆ ਜਾਂਦਾ ਹੈ। ਜੇ ਕਿਸੇ ਕਾਰਨ ਕਰਕੇ ਸੁਪਰਵਾਈਜ਼ਰ ਉਪਲਬਧ ਨਾ ਹੋਵੇ ਤਾਂ ਸਟਾਫ ਬਦਲ ਦੀ ਵਰਤੋਂ ਕਰ ਸਕਦਾ ਹੈ।

ਤਜਵੀਜ਼ਸ਼ੁਦਾ ਮੌਡੂਲਰ ਹਾਊਜ਼ਿੰਗ ਪ੍ਰੋਜੈਕਟ ਦੀ, ਸੁਸਾਇਟੀ ਦੀ ਸਰਵਿਸ ਦੇਣ ਦੀ ਸ਼ਰਤ ਦੇ ਹਿੱਸੇ ਵਜੋਂ ਮਦਦ ਦੇ ਇਸ ਨੈੱਟਵਰਕ ਤੱਕ ਪਹੁੰਚ ਹੈ।

**ਕਮਿਉਨਟੀ ਪੋਲੀਸਿੰਗ**

**8. ਇਸ ਥਾਂ ਨਾਲ ਜੁੜੇ ਹੋਏ ਕਮਿਉਨਟੀ ਨੂੰ ਖਤਰਿਆਂ ਕਰਕੇ ਕੀ ਪੁਲੀਸ ਦੀ ਗਸ਼ਤ ਵਧੇਗੀ?**

ਆਮ ਤੌਰ 'ਤੇ, ਪੁਲੀਸ ਡਿਪਾਰਟਮੈਂਟ ਦੀ ਸਮੁੱਚੀ ਤਕੜਾਈ ਵਿਚ ਕੋਈ ਵਾਧਾ ਨਹੀਂ ਹੋਵੇਗਾ; ਫਿਰ ਵੀ ਡਿਪਾਰਟਮੈਂਟ ਸਿਟੀ ਦੇ ਜ਼ਿਆਦਾ ਤਰਜੀਹ ਵਾਲੇ ਇਲਾਕਿਆਂ ਦੀ ਲਗਾਤਾਰ ਪੜਚੋਲ ਕਰਦਾ ਰਹਿੰਦਾ ਹੈ, ਅਤੇ ਉਨ੍ਹਾਂ ਇਲਾਕਿਆਂ ਨੂੰ ਇਸ ਦੇ ਮੁਤਾਬਕ ਪੁਲੀਸ ਭੇਜਦਾ ਜਾਂ ਇਲਾਕੇ 'ਤੇ ਲਾਉਂਦਾ ਹੈ। ਮੁਢਲੀ ਜਾਣਕਾਰੀ ਅਤੇ ਤਜਰਬਾ ਇਹ ਦਿਖਾਉਂਦੇ ਹਨ ਕਿ ਡਿਵੈਲਪਮੈਂਟ ਅਤੇ/ਜਾਂ ਅਜਿਹੀਆਂ ਰਿਹਾਇਸ਼ਾਂ ਜਿੱਥੇ 24 ਘੰਟੇ ਹਫਤੇ ਦੇ ਸੱਤੇ ਦਿਨ ਸਟਾਫ ਅਤੇ ਮਦਦ ਕਰਨ ਵਾਲੀਆਂ ਸੇਵਾਵਾਂ ਹੁੰਦੀਆਂ ਹਨ, ਉੱਥੇ ਆਮ ਤੌਰ 'ਤੇ ਪੁਲੀਸ ਦੀ ਸਰਵਿਸ ਲਈ ਕਾਲਾਂ ਵਿਚ ਕੋਈ ਮਹੱਤਵਪੂਰਨ ਵਾਧਾ ਨਹੀਂ ਹੁੰਦਾ। (ਡੇਵ ਜੋਨਜ਼, ਪੁਲੀਸ ਦੇ ਚੀਫ)

ਇਸ ਤਜਵੀਜ਼ਸ਼ੁਦਾ ਮੌਜੂਲਰ ਹਾਊਜ਼ਿੰਗ ਪ੍ਰੋਜੈਕਟ ਨਾਲ ਜੁੜੇ ਹੋਏ ਕੋਈ ਜਾਣੇ ਜਾਂਦੇ ਖਤਰੇ ਨਹੀਂ ਹਨ ਇਸ ਕਰਕੇ ਕਮਿਉਨਟੀ ਨੂੰ ਜ਼ਿਆਦਾ ਖਤਰਿਆਂ ਬਾਰੇ ਸਵਾਲਾਂ ਦਾ ਜਵਾਬ ਦੇਣਾ ਔਖਾ ਹੈ। (ਡੇਵ ਜੋਨਜ਼, ਪੁਲੀਸ ਦੇ ਚੀਫ)

**9. ਇਸ ਸਥਾਨ ਦੀ ਮਦਦ ਲਈ ਕੀ ਕੁਈਨਜ਼ਬੋਰੋ ਵਿਚ ਪੁਲੀਸ ਦਾ ਸਟਾਫ ਮੌਜੂਦ ਰਹੇਗਾ?**

ਕੁਈਨਜ਼ਬੋਰੋ ਦੇ ਏਰੀਏ ਨੂੰ ਸਟਾਫ ਸਾਰੇ ਸ਼ਹਿਰ ਦੀ ਲਗਾਤਾਰ ਹੋਣ ਵਾਲੀ ਅਸੈੱਸਮੈਂਟ ਅਤੇ ਲੋਕਾਂ ਦੀ ਸੇਫਟੀ ਦੀਆਂ ਲੋੜਾਂ ਮੁਤਾਬਕ ਦਿੱਤਾ ਜਾਵੇਗਾ ਅਤੇ ਉਸੇ ਮੁਤਾਬਕ ਗਸ਼ਤ ਹੋਵੇਗੀ। ਆਮ ਤੌਰ 'ਤੇ, ਡਿਪਾਰਟਮੈਂਟ ਸਿਰਫ ਇਸ ਸਥਾਨ ਲਈ ਸਿੱਧਾ ਸਟਾਫ ਨਹੀਂ ਲਗਾਏਗਾ; ਪਰ, ਇਸ ਕੋਲ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਲਈ ਬਹੁਤ ਹੀ ਵਧੀਆ ਅਤੇ ਮਜ਼ਬੂਤ ਪ੍ਰੋਗਰਾਮ ਹਨ ਅਤੇ ਇਸ ਦੇ ਨਾਲ ਨਾਲ ਇੰਨਾ ਹੀ ਅਸਰਦਾਰ ਮੈਂਟਲ ਹੈਲਥ ਔਫੀਸਰ ਲੀਏਜ਼ਾਨ ਪ੍ਰੋਗਰਾਮ ਹੈ। ਭਾਵੇਂ ਕਿ ਡਿਪਾਰਟਮੈਂਟ ਇਹ ਉਮੀਦ ਨਹੀਂ ਰੱਖਦਾ ਕਿ ਤਜਵੀਜ਼ਸ਼ੁਦਾ ਮੌਜੂਲਰ ਹਾਊਜ਼ਿੰਗ ਪ੍ਰੋਜੈਕਟ ਦੇ ਵਸਨੀਕ ਲੋੜੀਂਦੀਆਂ ਸੇਵਾਵਾਂ ਨੂੰ ਨਿਚੋੜ ਲੈਣਗੇ ਜਾਂ ਖਤਮ ਕਰ ਦੇਣਗੇ, ਪਰ ਇਹ ਸਦਾ ਸਿਟੀ ਵਿਚ ਕਿਸੇ ਵੀ ਨਵੇਂ ਪ੍ਰੋਗਰਾਮ ਜਾਂ ਡਿਵੈਲਪਮੈਂਟ ਲਈ ਸਰਵਿਸ ਦਾ ਹੁੰਗਾਰਾ ਭਰਨ ਲਈ ਤਿਆਰ ਰਹਿੰਦਾ ਹੈ। (ਡੇਵ ਜੋਨਜ਼, ਪੁਲੀਸ ਦੇ ਚੀਫ)

**10. ਕੀ ਕੁਈਨਜ਼ਬੋਰੋ ਵਿਚ ਪੁਲੀਸ, ਐਂਬੂਲੈਂਸ, ਫਾਇਰ ਬਿਰਗੇਡ ਆਦਿ ਪਹੁੰਚਣ ਦੇ ਸਮੇਂ ਦੀ ਪੜਚੋਲ ਕੀਤੀ ਗਈ ਹੈ ਅਤੇ ਇਸ ਨੂੰ ਢੁਕਵਾਂ ਮੰਨਿਆ ਗਿਆ ਹੈ?**

ਡਿਪਾਰਟਮੈਂਟ ਨੂੰ ਆਪਣੇ ਤਜਰਬੇ ਅਤੇ ਸਹਿਯੋਗੀ ਏਜੰਸੀਆਂ, ਜਿਵੇਂ ਕਿ ਈ ਸੀ ਓ ਐੱਮ ਐੱਮ ਨਾਲ ਲਗਾਤਾਰ ਅਸੈੱਸਮੈਂਟ ਕਰਕੇ ਇਹ ਯਕੀਨ ਹੈ ਕਿ ਇਹ ਨਾ ਸਿਰਫ ਕੁਈਨਜ਼ਬੋਰੋ ਦੇ ਇਲਾਕੇ ਨੂੰ ਸਗੋਂ ਸਿਟੀ ਦੇ ਸਾਰੇ ਇਲਾਕਿਆਂ ਨੂੰ ਬਹੁਤ ਤੇਜ਼ੀ ਨਾਲ ਸਰਵਿਸ ਦੇ ਸਕਦਾ ਹੈ। (ਡੇਵ ਜੋਨਜ਼, ਪੁਲੀਸ ਦੇ ਚੀਫ)

**ਸਾਰੀਆਂ ਕਾਲਾਂ ਲਈ, ਸਮੇਂ ਵਿਚ ਸ਼ਾਮਲ ਹੈ**

- ਕਾਲ ਲੈਣ ਵਾਲੇ ਵਲੋਂ ਕਾਲ ਲੈਣ ਦੇ ਅਸਲੀ ਸਮੇਂ ਤੋਂ ਬਾਅਦ;
- ਡਿਸਪੈਚਰ ਤੱਕ ਭੇਜਣ;
- ਮੈਂਬਰ ਨੂੰ ਡਿਸਪੈਚ ਕਰਨ; ਅਤੇ
  ਮੈਂਬਰ ਵਲੋਂ ਸੀਨ 'ਤੇ ਪਹੁੰਚਣ ਤੱਕ।

**ਤਰਜੀਹੀ ਕਾਲਾਂ ਲਈ ਔਸਤ (ਸਭ ਤੋਂ ਜ਼ਰੂਰੀ)**

- ਡਾਊਨਟਾਊਨ 7 ਮਿੰਟ
- ਈਸਟ ਇੰਡ (ਸੈਪਰਟੋਨ) 9 ਮਿੰਟ
- ਮਿਡ ਅਤੇ ਅਪਟਾਊਨ 11 ਮਿੰਟ
- ਕੁਈਨਜ਼ਬੋਰੋ 12 ਮਿੰਟ
- ਵੈੱਸਟ ਇੰਡ 12 ਮਿੰਟ

ਬਹੁਤੀਆਂ ਕਾਲਾਂ ਵਿਚ ਜਿਹੜਾ ਬਹੁਤਾ ਸਮਾਂ ਲੱਗਦਾ ਹੈ ਉਹ ਕਾਲ ਲੈਣ ਦੇ ਪੱਧਰ 'ਤੇ ਜਾਣਕਾਰੀ ਲੈਣ ਲਈ ਲੱਗਾ, ਅਤੇ ਫਿਰ ਕਾਲ ਡਿਸਪੈਚ ਕਰਨ 'ਤੇ ਲੱਗਾ ਸਮਾਂ ਹੁੰਦਾ ਹੈ। ਚਿਸਪੈਚ ਦੇ ਸਮੇਂ ਤੋਂ ਲੈ ਕੇ ਪੁਲੀਸ ਮੈਂਬਰਾਂ ਦੇ ਪਹੁੰਚਣ ਦਾ ਸਮਾਂ ਸਾਰੇ ਜ਼ੋਨਾਂ ਲਈ ਕਿਤੇ ਘੱਟ (ਆਮ ਤੌਰ 'ਤੇ) ਹੁੰਦਾ ਹੈ।

**ਹਿੱਤ ਰੱਖਣ ਵਾਲੀਆਂ ਧਿਰਾਂ**

**11. ਇਸ ਸਥਾਨ ਲਈ ਸਿਟੀ ਦੀਆਂ ਕੀ ਜ਼ਿੰਮੇਵਾਰੀਆਂ ਹੋਣਗੀਆਂ?**

ਜ਼ਮੀਨ ਦੀ ਮਾਲਕੀ ਸਿਟੀ ਕੋਲ ਰਹੇਗੀ ਅਤੇ ਉਹ ਬੀ ਸੀ ਹਾਊਜ਼ਿੰਗ ਨਾਲ ਲੀਜ਼ ਐਗਰੀਮੈਂਟ ਕਰੇਗੀ। ਲੀਜ਼ ਦਾ ਐਗਰੀਮੈਂਟ ਬੀ ਸੀ ਹਾਊਜ਼ਿੰਗ ਵਲੋਂ ਥਾਂ ਦੀ ਵਰਤੋਂ ਲਈ ਅਤੇ ਸਿਟੀ ਅਤੇ ਬੀ ਸੀ ਹਾਊਜ਼ਿੰਗ ਦੋਨਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਸ਼ਰਤਾਂ ਤਹਿ ਕਰੇਗਾ। ਲੀਜ਼ ਦੇ ਐਗਰੀਮੈਂਟ ਵਿਚ ਹੋਰਨਾਂ ਦੇ ਨਾਲ ਨਾਲ ਕਿਰਾਏਦਾਰੀਆਂ, ਜਵਾਬਦੇਹੀਆਂ, ਰਿਪੋਰਟ ਕਰਨ ਦੀਆਂ ਸ਼ਰਤਾਂ ਦੇ ਸੰਬੰਧ ਵਿਚ ਵੀ ਸ਼ਰਤਾਂ ਸ਼ਾਮਲ ਹੋ ਸਕਦੀਆਂ ਹਨ। ਬੀ ਸੀ ਹਾਊਜ਼ਿੰਗ ਮੌਜੂਲਰ ਹਾਊਜ਼ਿੰਗ ਯੂਨਿਟ ਸਪਲਾਈ ਕਰੇਗੀ ਅਤੇ ਸਥਾਨ ਦੀ ਡਿਵੈਲਪਮੈਂਟ ਦੇ ਸਾਰੇ ਖਰਚਿਆਂ ਲਈ ਜ਼ਿੰਮੇਵਾਰ ਹੋਵੇਗੀ, ਜਿਸ ਵਿਚ ਲਗਾਤਾਰ ਹੋਣ ਵਾਲੀ ਸੰਭਾਲ ਅਤੇ ਵਰਤੋਂ ਤੋਂ ਬਾਅਦ ਉਧੇੜਨਾ ਵੀ ਸ਼ਾਮਲ ਹੋਵੇਗਾ। ਸਿਟੀ ਸਥਾਨ ਨੂੰ ਸਰਵਿਸਿਜ਼ ਦੇਣ ਲਈ ਅਤੇ ਸਥਾਨ ਦੇ ਨਾਲ ਦੀਆਂ ਜ਼ਮੀਨਾਂ ਦੀ ਸੰਭਾਲ ਕਰਨ ਲਈ ਜ਼ਿੰਮੇਵਾਰ ਹੋਵੇਗਾ।

**ਬੱਚਿਆਂ ਦੀ ਸੇਫਟੀ**

**12. ਨਿੱਜੀ ਸੇਫਟੀ ਦੇ ਸੰਬੰਧ ਵਿਚ (ਜਿਵੇਂ: ਡਰੱਗ, ਅਜਨਬੀ, ਆਦਿ) ਕੀ ਦੋਨਾਂ ਸਕੂਲਾਂ (ਬੱਚਿਆਂ, ਮਾਪਿਆਂ ਅਤੇ ਸਟਾਫ) ਨੂੰ ਜਾਣਕਾਰੀ ਦਿੱਤੀ ਜਾਵੇਗੀ?**

ਇਹ ਸੰਭਵ ਤੌਰ ’ਤੇ ਦੋਨਾਂ ਪ੍ਰਿੰਸੀਪਲਾਂ ਦਾ ਫੈਸਲਾ ਹੋਵੇਗਾ, ਸੰਭਵ ਤੌਰ ’ਤੇ ਸਕੂਲ ਡਿਸਟਰਿਕਟ ਨਾਲ ਸਲਾਹ-ਮਸ਼ਵਰਾ ਕਰਕੇ। ਸੇਫਟੀ ਦੇ ਫਿਕਰਾਂ ਦਾ ਹੱਲ ਕਰਨ ਲਈ ਅਤੇ ਖਤਰਿਆਂ ਨੂੰ ਘਟਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਗੱਲ ਕਰਨ ਲਈ; ਸੰਪਰਕ ਕਰਨ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਅਤੇ ਸੰਬੰਧਾਂ ਨੂੰ ਹੋਰ ਵਿਕਸਤ ਕਰਨ ਲਈ; ਅਤੇ ਜੇ ਜ਼ਰੂਰੀ ਹੋਵੇ ਤਾਂ ਕਿਸੇ ਵੀ ਉਸ ਫਿਕਰ ਦਾ ਹੱਲ ਕਰਨ ਲਈ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਜਿਹੜਾ ਉਨ੍ਹਾਂ ਦੇ ਮਨ ਵਿਚ ਬਿਲਡਿੰਗ ਅਤੇ ਇਸ ਦੇ ਵਸਨੀਕਾਂ ਨਾਲ ਸੰਬੰਧਿਤ ਹੋ ਸਕਦਾ ਹੈ, ਇਲੀਜ਼ਾਬੈਥ ਫਰਾਈ ਸਟਾਫ ਅਤੇ ਮਾਪਿਆਂ ਨੂੰ ਮਿਲਣ ਦੀ ਖਾਹਸ਼ਮੰਦ ਰਹੇਗੀ।